





ਗੜ੍ਹਾ ਵਿਖੇ ਸਜਾਏ ਨਗਰ ਕੀਰਤਨ ਦੀ ਅਗਵਾਈ ਕਰਦੇ ਹੋਏ ਪੰਜ ਪਿਆਰਿਆਂ ਦੇ ਨਾਲ ਸਰਬਜੀਤ ਸਿੰਘ ਮੱਕੜ (ਸਾਬਕਾ ਵਿਧਾਇਕ), ਹਰਜੋਤ ਸਿੰਘ ਲੱਕੀ ਤੇ ਹੋਰ। (ਵਿਚਕਾਰ) ਮਾਡਲ ਹਾਊਸ ਵਿਖੇ ਸਜਾਏ ਗਏ ਨਗਰ ਕੀਰਤਨ ਦੀ ਆਗਵਾਈ ਕਰਦੇ ਹੋਏ ਪੰਜ ਪਿਆਰੇ। (ਸੱਜੇ) ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਵੇਕ ਵਿਹਾਰ ਪ੍ਰਬੰਧਕ ਕਮੇਟੀ ਵਲੋਂ ਸਜਾਏ ਗਏ ਨਗਰ ਕੀਰਤਨ ਦੀ ਅਗਵਾਈ ਕਰਦੇ ਹੋਏ ਪੰਜ ਪਿਆਰੇ। ਤਸਵੀਰਾਂ : ਮੁਨੀਸ਼/ਸਤਿੰਦਰ ਪਾਲ ਸਿੰਘ

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵੱਖ-ਵੱਖ ਥਾਈਂ ਨਗਰ ਕੀਰਤਨ ਸਜਾਏ

ਜਲੰਧਰ, 3 ਜਨਵਰੀ (ਹਰਵਿੰਦਰ ਸਿੰਘ ਫੁੱਲ)-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ਼ਹਿਰ 'ਚ ਵੱਖ- ਵੱਖ ਥਾਵਾਂ 'ਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵਲੋਂ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾ ਤੇ ਸਤਿਕਾਰ ਨਾਲ ਨਗਰ ਕੀਰਤਨ ਸਜਾਏ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਤੇ ਪੰਜ ਪਿਆਰਿਆ ਦੀ ਅਗਵਾਈ 'ਚ ਸਜਾਏ ਗਏ ਨਗਰ ਕੀਰਤਨ 'ਚ ਵੱਡੀ ਗਿਣਤੀ ਵਿਚ ਇਲਾਕੇ ਦੀਆਂ ਸੰਗਤਾਂ ਨੇ ਸ਼ਿਰਕਤ ਕੀਤੀ। ਰਸਤੇ 'ਚ ਨਗਰ ਕੀਰਤਨ ਦਾ ਸੰਗਤ ਨੇ ਫੁਲਾਂ ਦੀ ਵਰਖਾ ਕਰਕੇ ਸ਼ਾਨਦਾਰ ਸਵਾਗਤ ਕੀਤਾ। ਵੱਡੀ ਗਿਣਤੀ ਵਿਚ ਸੰਗਤਾਂ ਗੁਰਬਾਣੀ ਦਾ ਜਾਪ ਕਰਦੀਆਂ ਹੋਈਆ ਫੁੱਲਾਂ ਨਾਲ ਸਜੀ ਹੋਈ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਸਾਹਿਬ ਦੇ ਪਿੱਛੇ ਚੱਲ ਰਹੀਆਂ ਸਨ। ਨਗਰ ਕੀਰਤਨ ਦੇ ਰਸਤੇ 'ਚ ਸ਼ਰਧਾਲੂਆਂ ਵਲੋਂ ਸੰਗਤ ਦੀ ਸੇਵਾ ਵਾਸਤੇ ਵੱਖ-ਵੱਖ ਪਕਵਾਨਾਂ ਦੇ ਲੰਗਰ ਲਗਾਏ ਗਏ ਸਨ। ਗੜ੍ਹਾ ਵਿਖੇ ਗੁਰਦੁਆਰਾ ਬਾਬਾ ਜੀਵਨ ਸਿੰਘ ਦੀ ਪ੍ਰੰਬਧਕ ਕਮੇਟੀ ਵਲੋਂ ਸਜਾਏ ਗਏ ਨਗਰ ਕੀਰਤਨ ਵਿਚ ਸਰਬਜੀਤ ਸਿੰਘ ਮੱਕੜ (ਸਾਬਕਾ ਵਿਧਾਇਕ), ਹਰਜੋਤ ਸਿੰਘ ਲੱਕੀ ਤੋਂ ਇਲਾਵਾ ਪ੍ਰਧਾਨ ਭੁਪਿੰਦਰਪਾਲ ਸਿੰਘ ਖਾਲਸਾ, ਗੁਰਮੀਤ ਸਿੰਘ, ਰਣਜੀਤ ਸਿੰਘ, ਦਵਿੰਦਰ ਸਿੰਘ, ਤੇਜਪਾਲ ਸਿੰਘ ਢਿਲੋਂ, ਬਲਜੀਤ ਸਿੰਘ, ਡਾ. ਜਗਜੀਤ ਕੌਰ, ਕੁਲਦੀਪ ਸਿੰਘ, ਡਾ. ਲਵਪ੍ਰੀਤ ਕੌਰ, ਡਾ. ਸੁਖਮੀਨ ਕੌਰ, ਗੁਰਚਰਨ ਸਿੰਘ, ਜਤਿੰਦਰ ਸਿੰਘ ਮਝੈਲ, ਗੁਰਿੰਦਰ ਸਿੰਘ ਮਝੈਲ ਆਦਿ ਸਖਸ਼ੀਅਤਾਂ ਨੇ ਸ਼ਿਰਕਤ ਕੀਤੀ। ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਹਾਊਸ ਦੀ ਪ੍ਰੰਬਧਕ ਕਮੇਟੀ ਵਲੋਂ ਸਜਾਏ ਨਗਰ ਕੀਰਤਨ 'ਚ ਹਲਕਾ ਵਿਧਾਇਕ ਸੁਸ਼ੀਲ ਰਿੰਕੂ, ਕਾਂਗਰਸ ਆਗੂ ਬਲਰਾਜ ਠਾਕੁਰ, ਕੌਂਸਲਰ ਓਕਾਂਰ ਰਾਜੀਵ, ਕੁਲਵੰਤ ਸਿੰਘ ਨਿਹੰਗ, ਪ੍ਰਧਾਨ ਅਮਰਜੀਤ ਸਿੰਘ ਮਿਠਾ ਤੋਂ ਇਲਾਵਾ ਵੱਡੀ ਗਿਣਤੀ ਵਿਚ ਇਲਾਕੇ ਦੀਆਂ ਸੰਗਤਾਂ ਨੇ ਸ਼ਿਰਕਤ ਕੀਤੀ। ਗੁਰਦੁਆਰਾ ਸਚਖੰਡ ਸਾਹਿਬ ਅਮਰ ਨਗਰ ਵਲੋਂ ਸਜਾਏ ਗਏ ਨਗਰ ਕੀਰਤਨ ਵਿਚ ਕੌਂਸਲਰ ਪਤੀ ਪ੍ਰੀਤ ਖਾਲਸਾ, ਪ੍ਰਧਾਨ ਗੁਰਪਾਲ ਸਿੰਘ ਟੱਕਰ, ਹਰਚਰਨ ਸਿੰਘ ਟੱਕਰ, ਸੁਰਤਾ ਸਿੰਘ, ਜਗਤਾਰ ਸਿੰਘ, ਜੱਸਾ ਸਿੰਘ, ਦਰਸ਼ਨ ਸਿੰਘ, ਸ਼ਰਨਜੀਤ ਸਿੰਘ ਆਦਿ ਨੇ ਸ਼ਿਰਕਤ ਕੀਤੀ।



ਨਗਰ ਕੀਰਤਨ ਦੌਰਾਨ ਗਤਕੇ ਦੇ ਜੌਹਰ ਦਿਖਾਉਂਦੇ ਹੋਏ ਸਿੰਘ। ਤਸਵੀਰ : ਮੁਨੀਸ਼

**ਮਕਸੂਦਾਂ/ਜਲੰਧਰ, (ਸਤਿੰਦਰ ਪਾਲ ਸਿੰਘ)**-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ ਕੀਰਤਨ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਵੇਕ ਵਿਹਾਰ ਦੀ ਪ੍ਰਬੰਧਕ ਕਮੇਟੀ ਵਲੋਂ ਧਾਰਮਿਕ ਜਥੇਬੰਦੀਆਂ, ਇਸਤਰੀ ਸਤਿਸੰਗ ਸਭਾਵਾਂ, ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀਆਂ, ਗੱਤਕਾ ਅਖਾੜੇ ਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ਼ਾਨੋ-ਸ਼ੌਕਤ ਨਾਲ ਸਜਾਇਆ ਗਿਆ। ਫੁੱਲਾਂ ਨਾਲ ਸਜੀ ਪਾਲਕੀ 'ਚ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਹੇਠ ਪੰਜਾਂ ਪਿਆਰਿਆਂ ਦੀ ਅਗਵਾਈ 'ਚ ਨਗਰ ਕੀਰਤਨ ਸਵੇਰੇ 10.30 ਵਜੇ ਗੁਰਦੁਆਰਾ ਸਾਹਿਬ ਤੋਂ ਆਰੰਭ ਹੋ ਕੇ ਆਸ-ਪਾਸ ਦੇ ਇਲਾਕਿਆਂ ਵਿਚੋਂ ਹੁੰਦਾ ਹੋਇਆ ਵਾਪਸ ਗੁਰਦੁਆਰਾ ਸਾਹਿਬ ਵਿਖੇ ਦੇਰ ਰਾਤ ਸਮਾਪਤ ਹੋਇਆ। ਨਗਰ ਕੀਰਤਨ 'ਚ ਰਾਗੀ ਜਥਿਆਂ ਵਲੋਂ ਇਲਾਹੀ ਬਾਣੀ ਦੇ ਕੀਰਤਨ ਰਾਹੀਂ ਤੇ ਢਾਡੀ ਜਥਿਆਂ ਵਲੋਂ ਗੁਰੂ ਸਾਹਿਬ ਦੀ ਜੀਵਨੀ ਤੇ ਢਾਡੀ ਵਾਰਾਂ ਰਾਹੀਂ ਹਾਜ਼ਰੀ ਲਵਾਈ। ਨਗਰ ਕੀਰਤਨ 'ਚ ਸ਼ਾਮਲ ਸਕੂਲੀ ਬੱਚਿਆਂ ਅਤੇ ਬੈਂਡ ਵਾਜਿਆਂ ਦੀ ਟੀਮਾਂ, ਨਿਹੰਗ ਜਥੇਬੰਦੀਆਂ ਤੇ ਘੋੜ ਸਵਾਰਾਂ ਨੇ ਨਗਰ ਕੀਰਤਨ ਦੀ ਸ਼ਾਨ ਵਧਾਈ। ਗੱਤਕਾ ਪਾਰਟੀਆਂ ਵਲੋਂ ਗੱਤਕੇ ਦੇ ਜੌਹਰ ਵਿਖਾਏ ਗਏ। ਸ਼ਰਧਾਲੂਆਂ ਵਲੋਂ ਨਗਰ ਕੀਰਤਨ 'ਚ ਥਾਂ-ਥਾਂ ਸਵਾਗਤੀ ਗੇਟ ਬਣਾ ਕੇ ਸੰਗਤਾਂ ਵਾਸਤੇ ਕਈ ਪਦਾਰਥਾਂ ਦੇ ਲੰਗਰ ਲਗਾਏ ਗਏ।



ਗੁਰਦੁਆਰਾ ਸ੍ਰੀ ਸੱਚਖੰਡ ਸਾਹਿਬ ਅਮਰ ਨਗਰ ਵਿਖੇ ਨਗਰ ਕੀਰਤਨ ਦੌਰਾਨ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸਨਮਾਨਿਤ ਕਰਦੇ ਹੋਏ ਪ੍ਰਬੰਧਕ। ਤਸਵੀਰ : ਮੁਨੀਸ਼



ਗੜ੍ਹਾ ਵਿਖੇ ਸਜਾਏ ਗਏ ਨਗਰ ਕੀਰਤਨ 'ਚ ਸ਼ਾਮਿਲ ਹਰਵਿੰਦਰ ਸਿੰਘ ਤੇ ਹੋਰਨਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕਰਦੇ ਹੋਏ ਪ੍ਰਧਾਨ ਭੁਪਿੰਦਰਪਾਲ ਸਿੰਘ ਖ਼ਾਲਸਾ। ਤਸਵੀਰ- ਮੁਨੀਸ਼

# ਔਰਤ ਨਾਲ ਛੇੜਛਾੜ ਦੇ ਦੋਸ਼ 'ਚ ਇਕ ਗ੍ਰਿਫ਼ਤਾਰ

ਜਲੰਧਰ, 3 ਜਨਵਰੀ (ਸ਼ੈਲੀ) -ਥਾਣਾ 5 ਦੀ ਪੁਲਿਸ ਨੇ ਇਕ ਮਹਿਲਾ ਨਾਲ ਛੇੜਛਾੜ ਕਰਨ ਦੇ ਦੋਸ਼ਾਂ ਵਿਚ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ ਜਿਸਦੀ ਪਹਿਚਾਣ ਕੇਵਲ ਕਿਸ਼ਨ (ਕਰੀਬ 53) ਨਿਵਾਸੀ ਭਾਰਗੋ ਕੈਂਪ ਦੇ ਤੌਰ 'ਤੇ ਦੱਸੀ ਗਈ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਪੰਜ ਦੇ ਮੁਖੀ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਜਲੰਧਰ ਦੀ ਹੀ ਰਹਿਣ ਵਾਲੀ ਇਕ ਔਰਤ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਹ ਇਕ ਹਸਪਤਾਲ ਵਿਚ ਬਤੌਰ ਨਰਸ ਕੰਮ ਕਰਦੀ ਹੈ । ਉਸ ਨੇ ਦੱਸਿਆ ਕਿ ਉਹ ਪਹਿਲਾਂ ਦੋਸ਼ੀ ਦੇ ਮੁਹੱਲੇ ਵਿਚ ਹੀ ਰਹਿੰਦੀ ਸੀ ਅਤੇ ਦੋਸ਼ੀ ਉਸ 'ਤੇ ਬੁਰੀ ਨਜ਼ਰ ਰੱਖਦਾ ਸੀ ਤੇ ਅਕਸਰ ਉਸ ਨਾਲ ਛੇੜਛਾੜ ਕਰਦਾ ਹੈ । ਪੀੜਿਤਾ ਨੇ ਦੱਸਿਆ ਕਿ ਅੱਜ ਜਿੱਥੇ ਉਹ ਹੁਣ ਰਹਿੰਦੀ ਹੈ, ਦੋਸ਼ੀ ਉਸ ਦੇ ਕਮਰੇ ਵਿਚ ਆ ਵੜਿਆ ਅਤੇ ਉਸ ਨਾਲ ਛੇੜ-ਛਾੜ ਕੀਤੀ। ਥਾਣਾ ਮੁਖੀ ਨੇ ਦੱਸਿਆ ਕਿ ਇਸ ਸਬੰਧੀ ਪੀੜਤਾ ਦੇ ਬਿਆਨਾਂ 'ਤੇ ਮਾਮਲਾ ਦਰਜ ਕਰ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਜਾਂਚ ਦੌਰਾਨ ਪਤਾ ਲਗਾ ਹੈ ਕਿ ਦੋਸ਼ੀ 'ਤੇ ਪਹਿਲਾਂ ਵੀ ਇਕ ਮਾਮਲਾ ਦਰਜ ਹੈ।

# ਡੀ.ਏ.ਵੀ. ਇੰਜੀਨੀਅਰਿੰਗ ਇੰਸਟੀਚਿਊਟ 'ਚ ਭਿੜੇ ਵਿਦਿਆਰਥੀ

## ਸਿਰ ਫਟੇ, ਮਾਮਲਾ ਥਾਣੇ ਤੱਕ ਪੁੱਜਾ

ਮਕਸੂਦਾ/ਜਲੰਧਰ, 3 ਜਨਵਰੀ (ਸਤਿੰਦਰ ਪਾਲ ਸਿੰਘ)- ਜਲੰਧਰ ਦੇ ਡੀਏਵੀ ਇੰਸਟੀਚਿਊਟ ਆਫ ਇੰਜੀਨਿਅਰਿੰਗ ਐਂਡ ਟੈਕਨੋਲਾਜੀ ਦੇ ਹੋਸਟਲ 'ਚ ਐਤਵਾਰ ਨੂੰ ਵਿਦਿਆਰਥੀ ਦੇ ਗੁਟ ਆਪਸ 'ਚ ਭਿੜ ਗਏ। ਦੋਨਾਂ ਗੁੱਟਾਂ 'ਚ ਕੁੱਟਮਾਰ ਦੇ ਦੌਰਾਨ ਨੌਬਤ ਇਸ ਸਿਰ ਤੱਕ ਗਿਆ ਕਿ ਪੁਲਿਸ ਨੂੰ ਦਖਲ ਦੇਣਾ ਪਿਆ। ਥਾਣਾ ਨੰਬਰ ਇੱਕ ਦੀ ਪੁਲਿਸ ਨੇ ਹੋਸਟਲ ਦੇ ਦੋਨਾਂ ਗੁੱਟਾਂ ਦੇ ਜ਼ਖ਼ਮੀ ਵਿਦਿਆਰਥੀਆ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਥਾਣੇ ਲੈ ਗਈ। ਜਿਸ ਨੌਜਵਾਨ ਦਾ ਸਿਰ ਫੱਟਿਆ ਹੈ, ਉਹ ਬਿਹਾਰ ਦਾ ਰਹਿਣ ਵਾਲਾ ਰਾਜੇਸ਼ ਹੈ। ਰਾਜੇਸ਼ ਨੇ ਦੱਸਿਆ ਕਿ ਉਹ ਹੋਸਟਲ ਦੀ ਮੇਸ 'ਚੋਂ ਪਰਤ ਰਿਹਾ ਸੀ ਕਿ ਉਸੀ ਸਮੇਂ ਉਸ ਉਪਰ ਹਮਲਾ ਹੋ ਗਿਆ। ਉਸ ਦੇ ਸਿਰ ਉੱਪਰ ਗੰਭੀਰ ਸੱਟਾਂ ਲੱਗੀਆਂ। ਜ਼ਖ਼ਮੀ ਨੌਜਵਾਨ ਨੇ ਦੱਸਿਆ ਕਿ ਉਸ ਦਾ ਕਿਸੇ ਨਾਲ ਕੋਈ ਲੜਾਈ ਝਗੜ ਾ ਨਹੀਂ ਸੀ ਤੇ ਹੁਣੇ ਤਿੰਨ ਦਿਨ ਪਹਿਲਾਂ ਹੀ ਹੋਸਟਲ ਵਿੱਚ ਆਇਆ ਹਾਂ। ਜ਼ਖ਼ਮੀ ਨੌਜਵਾਨ ਨੇ ਦੱਸਿਆ ਕਿ ਕਿਸੇ ਰਿਤੂ ਨਾਮਕ ਨੌਜਵਾਨਾਂ ਦੇ ਗੁੱਟ ਨੇ ਉਸ ਉੱਤੇ ਹਮਲਾ ਕੀਤਾ ਸੀ। ਪੁਲਿਸ ਨੇ ਜ਼ਖ਼ਮੀ ਨੌਜਵਾਨਾਂ ਦੀ ਮਲ ਮ ਪੱਟੀ ਕਰਵਾਉਣ ਦੇ ਬਾਅਦ ਦੋ ਮੁੰਡੀਆਂ ਨੂੰ ਥਾਣੇ 'ਚ ਤਲਬ ਕੀਤਾ ਹੈ। ਜ਼ਖ਼ਮੀ ਨੌਜਵਾਨ ਵਲੋਂ ਜਦੋਂ ਪੁੱਛਿਆ ਕਿ ਮੈਨੇਜਮੈਂਟ ਨੇ ਕੋਈ ਐਕਸ਼ਨ ਲਿਆ ਹੈ ਤਾਂ ਉਸਨੇ ਕਿਹਾ ਕਿ ਪਹਿਲਾਂ ਪੁਲਿਸ ਪਹੁੰਚੀ ਹੈ। ਹੁਣੇ ਤੱਕ ਮੈਨੇਜਮੈਂਟ ਵਲੋਂ ਕੋਈ ਨਹੀਂ ਆਇਆ ਹੈ ।





ਡੀ.ਏ.ਵੀ. ਇੰਸਟੀਚਿਊਟ ਦੇ ਵਿਦਿਆਰਥੀਆਂ ਨੂੰ ਥਾਣੇ ਲੈ ਕੇ ਜਾਂਦੀ ਹੋਈ ਪੁਲਿਸ। (ਸੱਜੇ) ਝਗੜੇ ਵਿੱਚ ਗੰਭੀਰ ਜ਼ਖ਼ਮੀ ਹੋਇਆ ਰਾਜੇਸ਼। ਤਸਵੀਰਾ - ਸਤਿੰਦਰ ਪਾਲ ਸਿੰਘ




ਜੇਤੂ ਟੀਮ ਮੁੱਖ ਮਹਿਮਾਨ ਤੇ ਖੇਡ ਅਧਿਕਾਰੀਆਂ ਨਾਲ। ਤਸਵੀਰ: ਮੁਨੀਸ਼

# ਸੀ ਟੀ ਸੈਵਨ ਸਾਈਡ ਫੁੱਟਬਾਲ ਟੂਰਨਾਮੈਂਟ ਸਮਾਪਤ

ਜਲੰਧਰ, 3 ਜਨਵਰੀ (ਜਤਿੰਦਰ ਸਾਬੀ)- ਸੀ ਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼, ਸਾਊਥ ਕੈਂਪਸ, ਸ਼ਾਹਪੁਰ ਵਿਖੇ ਚਾਰ ਰੋਜ਼ਾ ਸੀ ਟੀ ਸੈਵਨ ਸਾਈਡ ਫੁੱਟਬਾਲ ਟੂਰਨਾਮੈਂਟ ਸਮਾਪਤ ਹੋ ਗਿਆ, ਜਿਸ 'ਚ ਵੱਖ-ਵੱਖ ਪਿੰਡਾਂ ਤੇ ਕਲੱਬਾਂ ਦੀਆਂ 28 ਟੀਮਾਂ ਨੇ ਹਿੱਸਾ ਲਿਆ। ਫਾਈਨਲ ਮੈਚ ਸਰਕਾਰੀ ਸਕੂਲ ਖੁਸਰੋਪੁਰ ਅਤੇ ਬੀਆਰਐਸ ਅਕੈਡਮੀ ਵਿਚਕਾਰ ਖੇਡਿਆ ਗਿਆ। ਬੀ.ਆਰ.ਐਸ. ਹੁਸੈਨਾਬਾਦ ਦੀ ਟੀਮ ਨੇ 11,000 ਰੁਪਏ ਦੇ ਨਕਦ ਇਨਾਮ ਦੇ ਨਾਲ ਟੂਰਨਾਮੈਂਟ ਦੀ ਟਰਾਫੀ ਜਿੱਤੀ। ਖੁਸਰੋਪੁਰ ਸਰਕਾਰੀ ਸਕੂਲ ਨੇ ਰਨਰ-ਅੱਪ ਟਰਾਫੀ ਦੇ ਨਾਲ-ਨਾਲ ਰੁ. 5,100 ਇਨਾਮ ਰਾਸ਼ੀ ਆਪਣੇ ਨਾਮ ਕੀਤੀ। ਟੂਰਨਾਮੈਂਟ ਦੀ ਸਮਾਪਤੀ ਮੁੱਖ ਮਹਿਮਾਨ ਰਾਕੇਸ਼ ਸ਼ਰਮਾ ਪ੍ਰਿੰਸੀਪਲ ਸਾਈਂ ਦਾਸ ਐਂਗਲੋ ਸੰਸਕ੍ਰਿਤ ਸੀਨੀਅਰ ਸੈਕੰਡਰੀ ਸਕੂਲ ਜਲੰਧਰ ਨੇ ਕੀਤੀ। ਸੀਟੀ ਗਰੁੱਪ ਦੇ ਕੈਂਪਸ ਡਾਇਰੈਕਟਰ ਡਾ: ਰਾਹੁਲ ਮਲਹੋਤਰਾ ਦੇ ਨਾਲ ਡੀਨ ਅਕਾਦਮਿਕ ਡਾ: ਅਨੁਪਮਦੀਪ ਸ਼ਰਮਾ, ਡਾ: ਵਨੀਤ ਠਾਕੁਰ ਅਤੇ ਸਪੋਰਟਸ ਇੰਚਾਰਜ ਸਤਪਾਲ ਦੀ ਮੌਜੂਦ ਸਨ। ਇਸ ਮੌਕੇ ਸੀਟੀ ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਮਨਬੀਰ ਸਿੰਘ ਨੇ ਜੇਤੂ ਟੀਮਾਂ ਨੂੰ ਵਧਾਈ ਦਿੱਤੀ।

# ਲੋਹੀਆਂ ਦੀਆਂ ਸੰਗਤਾਂ ਨੇ ਜੈਕਾਰਿਆਂ ਦੀ ਗੂੰਜ 'ਚ 'ਨਵੇਂ ਵਰ੍ਹੇ 2022' ਨੂੰ ਜੀ ਆਇਆਂ ਆਖਿਆ

ਲੋਹੀਆਂ ਖਾਸ, 3 ਜਨਵਰੀ (ਗੁਰਪਾਲ ਸਿੰਘ ਸ਼ਤਾਬਗੜ੍ਹ)- ਹਰ ਸਾਲ ਦੀ ਤਰ੍ਹਾਂ ਐਤਕਾਂ ਵੀ ਗੁਰਦੁਆਰਾ ਸਿੰਘ ਸਭਾ ਲੋਹੀਆਂ ਖਾਸ (ਰਜ਼ਿ:) ਵੱਲੋਂ ਨਵੇਂ ਵਰ੍ਹੇ 2022 ਦੀ ਆਮਦ ਮੌਕੇ 31 ਦਸੰਬਰ ਨੂੰ ਸ਼ਾਮ 6 ਵਜੇ ਤੋਂ 12-30 ਵਜੇ ਤੱਕ ਕੀਰਤਨ ਅਤੇ ਢਾਡੀ ਦਰਬਾਰ ਕਰਵਾਇਆ ਗਿਆ। ਇਸ ਸਮਾਗਮ 'ਚ ਗੁ: ਸਿੰਘ ਸਭਾ ਦੇ ਹਜ਼ੂਰੀ ਰਾਗੀ ਭਾਈ ਅੰਮ੍ਰਿਤਪਾਲ ਸਿੰਘ ਅਤੇ ਭਾਈ ਜਸਵਿੰਦਰ ਸਿੰਘ ਫੋਰਮੈਨ ਦੇ ਕੀਰਤਨੀ ਜਥੇ, ਕਥਾ ਵਾਚਕ ਭਾਈ ਸੁਖਦੇਵ ਸਿੰਘ ਡੱਲਾ ਸਾਹਿਬ ਵਾਲਿਆਂ ਅਤੇ ਪ੍ਰਸਿੱਧ ਢਾਡੀ ਪ੍ਰਚਾਰਕ ਭਾਈ ਮੇਜਰ ਸਿੰਘ ਖਾਲਸਾ ਦੇ ਜਥਿਆਂ ਨੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਸਮਾਗਮ ਮੌਕੇ ਢਾਡੀ ਪ੍ਰਚਾਰਕ ਭਾਈ ਮੇਜਰ ਸਿੰਘ ਖਾਲਸਾ ਵੱਲੋਂ ਠੀਕ 12 ਵਜੇ ਬੁਲਾਏ ਜੈਕਾਰਿਆਂ ਦੀ ਗੂੰਜ ਵਿੱਚ ਨਵੇਂ ਸਾਲ 2022 ਨੂੰ ਜੀ ਆਇਆਂ ਆਖਿਆ ਗਿਆ। ਅਖੀਰ ਵਿੱਚ ਪ੍ਰਬੰਧਕਾਂ ਵੱਲੋਂ ਨਵੇਂ ਸਾਲ ਦੀ ਆਮਦ ਵਿੱਚ ਸੰਗਤਾਂ ਲਈ ਗੁਰੂ ਕੇ ਲੰਗਰਾਂ ਅਤੇ ਕੌਫੀ ਦੇ ਅਤੁੱਟ ਲੰਗਰ ਚਲਾ ਕੇ ਖੁਸ਼ੀ ਸਾਂਝੀ ਕੀਤੀ ਗਈ। ਇਸ ਮੌਕੇ ਗੁ: ਸਾਹਿਬ ਦੇ ਪ੍ਰਧਾਨ ਡਾ. ਸਤਨਾਮ ਸਿੰਘ, ਜਥੇਦਾਰ ਗੁਰਨਾਮ ਸਿੰਘ ਖਾਲਸਾ, ਚਰਨ ਸਿੰਘ ਚੰਦੀ, ਤਰਸੇਮ ਸਿੰਘ ਚੰਦੀ, ਦਵਿੰਦਰ ਸਿੰਘ ਬਿੱਲਾ, ਵਪਾਰ ਮੰਡਲ ਲੋਹੀਆਂ ਦੇ ਪ੍ਰਧਾਨ ਅਵਤਾਰ ਸਿੰਘ ਚੰਦੀ, ਪ੍ਰਧਾਨ ਅਮਰਜੀਤ ਸਿੰਘ ਅਹੂਜਾ, ਸੁਲਿੰਦਰਪਾਲ ਸਿੰਘ, ਅੰਮ੍ਰਿਤਪਾਲ ਸਿੰਘ ਤਲਵਾੜ, ਭਾਈ ਜਤਿੰਦਰ ਸਿੰਘ, ਸੁਖਜੀਤ ਸਿੰਘ, ਹਰਭਜਨ ਸਿੰਘ, ਬਲਵਿੰਦਰ ਸਿੰਘ, ਮਨਜਿੰਦਰ ਸਿੰਘ ਚੰਦੀ, ਬਲਬੀਰ ਸਿੰਘ ਚੰਦੀ, ਕੁਲਵੰਤ ਸਿੰਘ ਚੰਦੀ, ਕੁਲਵਿੰਦਰ ਸਿੰਘ ਮਿੱਠਾ, ਪਵਿੱਤਰਪਾਲ ਸਿੰਘ ਖਾਲਸਾ, ਸੁਰਿੰਦਰ ਸਿੰਘ ਫੁੱਲ, ਕੁਲਜੀਤ ਸਿੰਘ, ਏ.ਐੱਸ.ਆਈ. ਚਰਨਕੰਵਲ ਸਿੰਘ, ਜਤਿੰਦਰ ਸਿੰਘ ਅਹੂਜਾ ਸਮੇਤ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਲੋਹੀਆਂ ਖਾਸ ਦੇ ਪ੍ਰਧਾਨ ਬੀਬੀ ਇੰਦਰਜੀਤ ਕੌਰ ਸਮੇਤ ਹੋਰ ਬੀਬੀਆਂ ਵੀ ਹਾਜ਼ਰ ਸਨ।



ਗੁਰਦੁਆਰਾ ਸਿੰਘ ਸਭਾ ਲੋਹੀਆਂ ਵਿਖੇ ਨਵੇਂ ਸਾਲ ਦੀ ਆਮਦ ਮੌਕੇ ਹੋਏ ਸਮਾਗਮ ਮੌਕੇ ਕਥਾ ਵਾਚਕ ਭਾਈ ਸੁਖਦੇਵ ਸਿੰਘ ਡੱਲਾ ਸਾਹਿਬ ਵਾਲੇ ਕਥਾ ਪ੍ਰਵਾਹ ਚਲਾਉਂਦੇ (ਸੱਜੇ) ਭਾਈ ਮੇਜਰ ਸਿੰਘ ਖ਼ਾਲਸਾ ਦੇ ਜਥੇ ਦਾ ਸਨਮਾਨ ਕਰਦੇ ਪ੍ਰਧਾਨ ਡਾ. ਸਤਨਾਮ ਸਿੰਘ, ਜਥੇਦਾਰ ਗੁਰਨਾਮ ਸਿੰਘ ਖ਼ਾਲਸਾ ਅਤੇ ਚਰਨ ਸਿੰਘ ਚੰਦੀ। ਤਸਵੀਰਾਂ : ਗੁਰਪਾਲ ਸਿੰਘ ਸ਼ਤਾਬਗੜ੍ਹ

# ਗੈਸਟ ਫੈਕਲਟੀ ਸਹਾਇਕ ਪ੍ਰੋਫੈਸਰਾਂ ਨੇ ਨਵੇਂ ਸਾਲ ਮੌਕੇ ਸਰਬੱਤ ਦੇ ਭਲੇ ਲਈ ਕਰਵਾਇਆ ਕੀਰਤਨ

ਜਲੰਧਰ, 3 ਜਨਵਰੀ (ਰਣਜੀਤ ਸਿੰਘ ਸੋਢੀ)- ਸਿੱਖਿਆ ਮੰਤਰੀ ਪਰਗਟ ਸਿੰਘ ਦੇ ਘਰ ਮੂਹਰੇ ਪਿਛਲੇ 14 ਦਿਨਾਂ ਤੋਂ ਆਪਣੀਆਂ ਨੌਕਰੀਆਂ ਬਚਾਉਣ ਖ਼ਾਤਰ ਪੱਕਾ ਮੋਰਚਾ ਲਾਈ ਬੈਠੇ ਪੰਜਾਬ ਦੇ ਸਰਕਾਰੀ ਕਾਲਜਾਂ ਦੇ ਗੈਸਟ ਫੈਕਲਟੀ ਸਹਾਇਕ ਪ੍ਰੋਫ਼ੈਸਰਾਂ ਵੱਲੋਂ ਅੱਜ ਨਵੇਂ ਸਾਲ ਦੀ ਆਮਦ ਵਾਲੇ ਦਿਨ ਸਰਬੱਤ ਦੇ ਭਲੇ ਹਿਤ ਕਥਾ/ਕੀਰਤਨ ਕਰਵਾਏ ਗਏ, ਉਪਰੰਤ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਇਸ ਮੌਕੇ ਤੇ ਵੱਖ ਵੱਖ ਗੈਸਟ ਪ੍ਰੋਫੈਸਰਾਂ ਨੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਕਿਹਾ ਕਿ ਸਰਕਾਰ ਨੂੰ ਆਪਣੇ ਇਸ ਅਣਮਨੁੱਖੀ ਅਤੇ ਅੜੀਅਲ ਵਤੀਰੇ ਨੂੰ ਛੱਡ ਕੇ ਆਪਣੇ ਪਰਿਵਾਰਾਂ ਤੋਂ ਦੂਰ ਠੰਢੀਆਂ ਰਾਤਾਂ ਵਿਚ ਸੜਕਾਂ ਤੇ ਰੁਲ ਰਹੇ ਗੈਸਟ ਪ੍ਰੋਫੈਸਰਾਂ ਦੀਆਂ ਹੱਕੀ ਮੰਗਾਂ ਮੰਨ ਕੇ ਨਵੇਂ ਸਾਲ ਤੇ ਇਸ ਸੰਤਾਪ ਤੋਂ ਮੁਕਤ ਕਰਨਾ ਚਾਹੀਦਾ ਹੈ । ਇਸ ਮੌਕੇ ਸਰਕਾਰੀ ਕਾਲਜ ਗੈਸਟ ਫੈਕਲਟੀ ਸਹਾਇਕ ਪ੍ਰੋਫੈਸਰ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਹਰਮਿੰਦਰ ਸਿੰਘ ਡਿੰਪਲ ਨੇ ਕਿਹਾ ਕਿ ਕੀ ਉਨ੍ਹਾਂ ਵੱਲੋਂ ਨਵੇਂ ਸਾਲ ਦੀ ਆਮਦ ਤੇ ਕਿਸੇ ਖ਼ਿਲਾਫ਼ ਕੋਈ ਮਾੜਾ ਸ਼ਬਦ ਜਾਂ ਨਾਅਰੇਬਾਜ਼ੀ ਨਹੀਂ ਕੀਤੀ ਜਾਵੇਗੀ ਕਿਉਂਕਿ ਉਹ ਇਸ ਦਿਨ ਸਰਬੱਤ ਦੇ ਭਲੇ ਦੀ ਲੋਚਣਾ ਕਰਦੇ ਹਨ ਭਾਵੇਂ ਉਹ ਜ਼ਾਲਮ ਅਤੇ ਮੁਲਾਜ਼ਮ ਮਾਰੂ ਸਰਕਾਰ ਹੀ ਕਿਉਂ ਨਾ ਹੋਵੇ । ਇਸ ਮੌਕੇ ਤੇ ਪੰਜਾਬ ਦੇ ਵੱਖ ਵੱਖ ਸਰਕਾਰੀ ਕਾਲਜਾਂ ਤੋਂ ਆਏ ਗੈਸਟ ਫੈਕਲਟੀ ਸਹਾਇਕ ਪ੍ਰੋਫੈਸਰ ਮੌਜੂਦ ਸਨ।

# ਕੌਮਾਂਤਰੀ ਚੈਸ ਖਿਡਾਰਨ ਮਲਿਕਾ ਹਾਂਡਾ ਨੂੰ ਕੀਤਾ ਪੰਜਾਬ ਸਰਕਾਰ ਨੇ ਨਿਰਾਸ਼

## ਖੇਡ ਮੰਤਰੀ ਨੇ ਕਿਹਾ, ਡੈਫ ਐਂਡ ਡੰਬ ਖਿਡਾਰੀਆਂ ਲਈ ਕੋਈ ਨੌਕਰੀ ਨਹੀਂ

ਜਲੰਧਰ, 3 ਜਨਵਰੀ (ਜਤਿੰਦਰ ਸਾਬੀ)-ਇਕ ਪਾਸੇ ਤਾਂ ਚੰਨੀ ਸਰਕਾਰ ਖਿਡਾਰੀਆਂ ਨੂੰ ਚੰਗੀਆ ਖੇਡ ਸਹੂਲਤਾਂ, ਨਗਦ ਇਨਾਮ ਤੇ ਨੌਕਰੀਆਂ ਦੇਣ ਦੀ ਦੁਹਾਈ ਦੇ ਰਹੀ ਹੈ ਤੇ ਕੌਮਾਂਤਰੀ ਚੈਸ ਖਿਡਾਰਨ ਮਲਿਕਾ ਹਾਂਡਾ( ਡੈਫ ਐਂਡ ਡੰਬ) ਨੂੰ ਕੋਈ ਵੀ ਨੌਕਰੀ ਤੇ ਨਗਦ ਇਨਾਮ ਦੇਣ ਤੋਂ ਟਾਲਾ ਵੱਟ ਰਹੀ ਹੈ। ਇਸ ਮਾਮਲੇ ਨੂੰ ਲੈ ਕੇ ਮਲਿਕਾ ਹਾਂਡਾ ਨੇ ਪੰਜਾਬ ਦੇ ਖੇਡ ਮੰਤਰੀ ਪਰਗਟ ਸਿੰਘ ਨੇ ਮੁਲਾਕਾਤ ਕੀਤੀ ਤੇ ਆਪਣੇ ਖੇਡ ਕੈਰੀਅਰ ਦੀ ਜਾਣਕਾਰੀ ਦਿੱਤੀ ਤੇ ਸਾਰੇ ਹੁਣ ਤੱਕ ਪ੍ਰਾਪਤ ਕੀਤੇ ਤਗਮੇ ਵੀ ਵਿਖਾਏ ਤੇ ਚੰਗੀ ਨੌਕਰੀ ਤੇ ਨਗਦ ਇਨਾਮ ਦੇਣ ਦੀ ਅਪੀਲ ਕੀਤੀ ਤੇ ਇਸ 'ਤੇ ਖੇਡ ਮੰਤਰੀ ਨੇ ਕਿਹਾ ਕਿ ਸਾਡੇ ਕੋਲ ਡੈਫ ਐਂਡ ਡੰਬ ਖਿਡਾਰੀਆਂ ਨੂੰ ਨੌਕਰੀ ਤੇ ਨਗਦ ਇਨਾਮ ਦੇਣ ਦੀ ਕੋਈ ਵੀ ਨੀਤੀ ਨਹੀਂ ਹੈ ਤੇ ਇਹ ਸੁਣ ਕੇ ਮਲਿਕਾ ਹਾਂਡਾ ਬਹੁਤ ਹੀ ਨਿਰਾਸ਼ ਹੋਈ। ਉਸ ਨੇ ਕਿਹਾ ਕਿ ਸਾਬਕਾ ਖੇਡ ਮੰਤਰੀ ਨੇ ਉਸ ਨੂੰ ਨਗਦ ਇਨਾਮ ਦੇਣ ਲਈ ਪੱਤਰ ਦਿੱਤਾ ਸੀ ਪਰ ਉਹ ਕੋਵਿਡ ਕਰਕੇ ਮਿਲ ਨਹੀਂ ਸਕੀ ਤੇ ਉਹ ਫਿਰ ਰੱਦ ਹੋ ਗਿਆ ਤੇ ਜਦੋਂ ਇਸ ਮਾਮਲੇ ਨੂੰ ਲੈ ਕੇ ਉਹ ਮੌਜੂਦਾ ਖੇਡ ਮੰਤਰੀ ਪਰਗਟ ਸਿੰਘ ਨੂੰ ਮਿਲੀ ਨੇ ਉਨ੍ਹਾਂ ਨੇ ਨਾਂਹ ਕਰ ਦਿੱਤੀ। ਮਲਿਕਾ ਹਾਂਡਾ ਨੇ ਕਿਹਾ ਕਿ ਜ਼ਿਲ੍ਹਾ ਜਲੰਧਰ ਦੇ ਕਾਂਗਰਸ ਦੇ ਅਹੁਦੇਦਾਰ ਪਿਛਲੇ 5 ਸਾਲ ਤੋਂ ਮੈਨੂੰ ਲਾਅਰੇ ਲਾ ਰਹੇ ਹਨ ਤੇ ਝੂਠੇ ਵਾਹਦੇ ਕਰ ਰਹੇ ਹਨ ਤੇ ਜਦ ਕਿ ਖੇਡ ਮੰਤਰੀ ਨੇ ਕਿਸੇ ਵੀ ਪ੍ਰਕਾਰ ਦੀ ਸਹਾਇਤਾ ਕਰਨ ਤੋਂ ਕੋਰੀ ਨਾਂਹ ਕਰ ਦਿੱਤੀ ਹੈ।



ਕੌਮਾਂਤਰੀ ਚੈਸ ਖਿਡਾਰਨ ਮਲਿਕਾ ਹਾਂਡਾ (ਡੈਫ ਐਂਡ ਡੰਬ) ਪੰਜਾਬ ਦੇ ਖੇਡ ਮੰਤਰੀ ਪਰਗਟ ਸਿੰਘ ਨੂੰ ਮਿਲ ਕੇ ਆਪਣੇ ਤਗਮੇ ਤੇ ਸਰਟੀਫਿਕੇਟ ਵਿਖਾਉਂਦੀ ਹੋਈ। ਤਸਵੀਰ:-ਮੁਨੀਸ਼



ਚੌਧਰੀ ਚਰਨ ਸਿੰਘ ਯੂਨੀਵਰਸਿਟੀ ਮੇਰਟ (ਯੂ ਪੀ) ਵਿਚੋਂ ਗੋਲਡ ਮੈਡਲ ਹਾਸਲ ਕਰਨ ਤੇ ਪਰਿਵਾਰਕ ਮੈਂਬਰਾਂ ਨਾਲ ਖ਼ੁਸ਼ੀ ਸਾਂਝੀ ਕਰਦੀ ਹੋਈ ਜਸਪ੍ਰੀਤ ਕੌਰ। ਤਸਵੀਰ ਬਲਵਿੰਦਰ

# ਯੂਨੀਵਰਸਟੀ ਚੋਂ ਜਸਪ੍ਰੀਤ ਨੇ ਗੋਲਡ ਮੈਡਲ ਜਿੱਤਿਆ

ਲੋਹੀਆਂ ਖਾਸ, 3 ਜਨਵਰੀ (ਬਲਵਿੰਦਰ ਸਿੰਘ ਵਿੱਕੀ)- ਬਲਾਕ ਲੋਹੀਆਂ ਖਾਸ ਛੋਟੇ ਜਿਹੇ ਪਿੰਡ ਸਿੱਧੂਪੁਰ ਦੀ ਜਸਪ੍ਰੀਤ ਕੌਰ ਪੁੱਤਰੀ ਕੁਲਵੰਤ ਸਿੰਘ ਵੱਲੋਂ ਚੌਧਰੀ ਚਰਨ ਸਿੰਘ ਯੂਨੀਵਰਸਿਟੀ ਮੇਰਟ (ਯੂ ਪੀ) ਵਿਖੇ ਸਾਲ 2019 ਤੋਂ 2021 ਦੌਰਾਨ ਐਮ ਸੀ ਹੋਰਟੀਕਲਚਰ ਵਿੱਚੋਂ 89 ਪ੍ਰਤੀਸ਼ਤ ਨੰਬਰ ਲੈ ਕੇ ਯੂਨੀਵਰਸਟੀ ਵਿੱਚ ਪਹਿਲਾ ਸਥਾਨ ਹਾਸਲ ਕਰਕੇ ਗੋਲਡ ਮੈਡਲ ਪ੍ਰਾਪਤ ਕੀਤਾ। ਗੋਲਡ ਮੈਡਲ ਪ੍ਰਾਪਤ ਕਰਨ 'ਤੇ ਜਸਪ੍ਰੀਤ ਕੌਰ ਦੇ ਗ੍ਰਹਿ ਵਿਖੇ ਪਰਿਵਾਰ ਨੂੰ ਵਧਾਈਆਂ ਦੇਣ ਵਾਲਿਆ ਸਿਲਸਿਲਾ ਜਾਰੀ ਸੀ। ਪਿਤਾ ਕੁਲਵੰਤ ਸਿੰਘ, ਮਾਤਾ ਕੁਲਵੰਤ ਕੌਰ ਅਤੇ ਭੈਣ ਨਵਜੋਤ ਕੌਰ ਐਡਵੋਕੇਟ ਨੇ ਦੱਸਿਆ ਕਿ ਜਸਪ੍ਰੀਤ ਕੌਰ ਆਪਣੀ ਮੇਹਨਤ ਅਤੇ ਗੁਣਾ ਕਾਰਨ ਹੀ ਯੂਨੀਵਰਸਟੀ ਵਿੱਚੋਂ ਅਵਲ ਆਈ ਹੈ ਜਿਸ ਤੇ ਸਾਨੂੰ ਮਾਣ ਹੈ।

# ਨਵੇਂ ਸਾਲ ਮੌਕੇ ਪੰਜ ਸ੍ਰੀ ਅਖੰਡ ਪਾਠਾਂ ਦੇ ਭੋਗ ਪਾਏ ਗਏ

ਫਿਲੌਰ, 3 ਜਨਵਰੀ (ਸਤਿੰਦਰ ਸ਼ਰਮਾ)- ਸ੍ਰੀ ਗੁਰੂ ਰਵਿਦਾਸ ਮੰਦਿਰ ਫਿਲੌਰ ਵਿਖੇ ਗੁਰਵਿੰਦਰ ਸਿੰਘ ਅਟਵਾਲ ਸਾਬਕਾ ਮੰਤਰੀ ਪੰਜਾਬ ਅਤੇ ਸ਼ਰਧਾਲੂਆਂ ਵਲੋਂ ਨਵੇਂ ਸਾਲ 2022 ਦੀ ਸ਼ੁਰੂਆਤ ਦੀ ਖੁਸ਼ੀ ਵਿਚ ਪੰਜ ਸ੍ਰੀ ਅਖੰਡ ਪਾਠ ਕਰਵਾਏ ਗਏ। ਗੁਰਬਿੰਦਰ ਸਿੰਘ ਅਟਵਾਲ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਉਹ ਦੁਆ ਕਰਦੇ ਹਨ ਕਿ ਅਕਾਲ ਪੁਰਖ ਸੱਚੇ ਪਾਤਸ਼ਾਹ ਸਰਬੱਤ ਦਾ ਭਲਾ ਕਰਨ ਅਤੇ ਸਮੁੱਚਾ ਸੰਸਾਰ ਤਰੱਕੀ ਦੀ ਰਾਹ 'ਤੇ ਅੱਗੇ ਵਧੇ ਤੇ ਨਵਾਂ ਸਾਲ ਸਾਰਿਆਂ ਲਈ ਖੁਸ਼ੀਆਂ ਖੇੜੇ ਲੈ ਕੇ ਆਵੇ। ਉਨ੍ਹਾਂ ਕਾਮਨਾ ਕੀਤੀ ਕਿ ਸੱਚੇ ਪਾਤਸ਼ਾਹ ਕੋਰੋਨਾ ਵਰਗੀ ਨਾਮੁਰਾਦ ਬਿਮਾਰੀ ਤੋਂ ਵੀ ਦੁਨੀਆਂ ਨੂੰ ਮੁਕਤੀ ਪ੍ਰਦਾਨ ਕਰੇ। ਮੰਦਿਰ ਕਮੇਟੀ ਦੇ ਪ੍ਰਧਾਨ ਅਤੇ ਕੌਂਸਲਰ ਰਾਜ ਕੁਮਾਰ ਸੰਧੂ ਅਤੇ ਜਨਰਲ ਸਕੱਤਰ ਤਾਰਾ ਚੰਦ ਜੱਖੂ ਨੇ ਗੁਰਬਿੰਦਰ ਸਿੰਘ ਅਟਵਾਲ ਅਤੇ ਉਸ ਦੇ ਪਰਿਵਾਰ ਤੇ ਪਤਵੰਤਿਆਂ ਨੂੰ ਸਿਰੋਪਾਓ ਭੇਂਟ ਕਰਕੇ ਸਨਮਾਨਿਤ ਕੀਤਾ। ਜਨਰਲ ਸਕੱਤਰ ਜੱਖੂ ਨੇ ਅਟਵਾਲ ਅਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਸਮੇਂ ਸਮੇਂ ਦਿੱਤੇ ਜਾਂਦੇ ਸਹਿਯੋਗ ਲਈ ਉਚੇਚਾ ਧੰਨਵਾਦ ਕੀਤਾ। ਅਖ਼ੀਰ 'ਚ ਅਤੁੱਟ ਲੰਗਰ ਵਰਤਾਏ ਗਏ। ਹੋਰਨਾਂ ਤੋਂ ਇਲਾਵਾ ਇਸ ਮੌਕੇ ਸੋਹਣ ਲਾਲ ਗਾਦੜੇ, ਪਰਮਜੀਤ ਸਿੰਘ ਹੈੱਡ ਗ੍ਰੰਥੀ, ਮਨੋਜ਼ ਕੁਮਾਰ ਸੰਧੂ, ਚਮਨ ਲਾਲ ਨਗਾਹ, ਹਰੀ ਸਿੰਘ ਮੱਲ, ਮਹਿੰਦਰ ਸੂਦ, ਡਾ. ਬਲਜੀਤ, ਦਲਵੀਰ ਸਿੰਘ, ਪ੍ਰੇਮ ਭੱਟੀ, ਕੁਲਦੀਪ ਲਾਲ, ਜਸਵਿੰਦਰ ਲਾਲ ਆਦਿ ਹਾਜ਼ਰ ਸਨ।

# ਭਾਜਪਾ ਲੋਕਲ ਬਾਡੀ ਸੈੱਲ ਦੀ ਕਾਰਜਕਾਰਨੀ ਦਾ ਐਲਾਨ

ਜਲੰਧਰ, 3 ਜਨਵਰੀ (ਸ਼ਿਵ)-ਭਾਜਪਾ ਦੀ ਲੋਕਲ ਬਾਡੀ ਸੈੱਲ ਦੇ ਕਨਵੀਨਰ ਰਾਕੇਸ਼ ਸ਼ਰਮਾ ਨੇ ਪੰਜਾਬ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ ਤੇ ਸ਼ਹਿਰੀ ਪ੍ਰਧਾਨ ਸੁਸ਼ੀਲ ਸ਼ਰਮਾ ਦੀ ਹਾਜ਼ਰੀ ਵਿਚ ਆਪਣੀ ਕਾਰਜਕਾਰਨੀ ਦੀ ਐਲਾਨ ਕਰ ਦਿੱਤਾ ਹੈ ਜਿਸ ਵਿਚ ਪ੍ਰਧਾਨ ਲਲਿਤ ਕੁਮਾਰ ਵਲੋਂ ਬਣਾਈ ਗਈ ਟੀਮ 'ਚ ਜਨਰਲ ਸਕੱਤਰ ਵਿਨੀਤ ਸਾਰੰਗਲ ਅਤੇ ਸੰਜੀਵ ਭੰਡਾਰੀ, ਮੀਤ ਪ੍ਰਧਾਨਾਂ ਵਿਚ ਨਵਨੀਤ ਕੁਮਾਰ ਮਿੰਟੂ, ਮੁਨੀਸ਼ ਅਰੋੜਾ, ਡਾ. ਅਜੇ ਕਾਲੀਆ, ਸੰਜੇ ਕਾਲੀਆ, ਸਕੱਤਰਾਂ ਵਿਚ ਨੀਤਿਨ ਜੱਸੀ, ਸੰਜੀਵ ਭਾਰਦਵਾਜ, ਪਵਨ ਕਪੂਰ, ਤੇ ਰਾਜੇਸ਼ ਅਗਰਵਾਲ ਸ਼ਾਮਿਲ ਹੈ।